**Proposal No. FP/PB/Pipeline/42400/2019**

**Full Title of the Project**:- Diversion of 0.003125 hec of Forest Area for Approach Road to Irriagation Project of underground pipes of Jatana-Kusla Link Road, Jhunir-Singo Link Road, Fatta-Tibbi-Churdia Link Road & Moosa Branch, Village Nangla, District Mansa, Under Forest Division Mansa. Punjab.

**File No.** :________________________________________

**Date of Proposal:-**____________________________________

ਨੰਬਰ 343

ਮਿਤੀ 27/5/2020

ਵੱਲੋ, ਵਣ ਮੰਡਲ ਅਫਸਰ,
ਮਾਨਸਾ।

ਸੇਵਾ ਵਿਖੇ, ਮੁੱਖ ਵਣ ਪਾਲ(ਐਫ.ਸੀ.),ਅਤੇ
ਨੋਡਲ ਅਫਸਰ(ਐਫ.ਸੀ.ਏ.)
ਵਣ ਭਵਨ, ਸੈਕਟਰ 68
ਐਸ.ਏ.ਐਸ.ਨਗਰ।

ਵਿਸ਼ਾ: Diversion of 0.003125 hec of Forest Area for Approach Road to Irriagation Project of underground pipes of Jatana-Kusla Link Road, Jhunir-Singo Link Road, Fatta-Tibbi-Churdia Link Road & Moosa Branch, Village Nangla, District Mansa, Under Forest Division Mansa. Punjab.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ Soil Conservation Officer, Talwandi Sabo ਵੱਲੋ ਅੰਡਰਗਰਾਊਂਡ ਪਾਇਪ ਪਾਉਣ ਲਈ ਵਣ ਰਕਬੇ ਦੀ ਡਾਇਵਰਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਰਵੇਸ਼ਨ ਐਕਟ 1980 ਤਹਿਤ ਪ੍ਰਵਾਨਗੀ ਕਰਨ ਲਈ ਭੇਜੀ ਹੈ।ਯੂਜਰ ਏਜੰਸੀ ਇੱਕ ਸਰਕਾਰੀ ਅਦਾਰਾ ਹੈ।ਇਸ ਤਜਵੀਜ਼ ਵਿੱਚ ਜਟਾਣਾ-ਕੁਸਲਾ ਲਿੰਕ ਸੜਕ (0.0005 ਹੈਕ), ਝੁਨੀਰ-ਸੀਗੋ ਲਿੰਕ ਸੜਕ (0.0005 ਹੈਕ),ਮੂਸਾ ਬ੍ਰਾਚ 0.00175 ਹੈਕ ਫੱਤਾ ਟਿੱਬੀ-ਚੂਹੜੀਆ ਲਿੰਕ ਸੜਕ (0.000375 ਹੈਕ), ਫਾਰੈਸਟ ਸਟਰਿੱਪ ਦਾ ਕੁੱਲ 0.003125 ਹੈਕ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ,ਪ੍ਰੰਤੂ ਰੁੱਖ ਤੇ ਪੋਦਾ ਕੋਈ ਨਹੀ ਪ੍ਰਭਾਵਿਤ ਹੁੰਦਾ ਹੈ।ਨਿਮਨਹਸਤਾਖਰਤ ਵੱਲੋ ਸਬੰਧਤ ਰਕਬੇ ਦਾ ਮਿਤੀ 20/05/2020 ਨੂੰ ਨਿੱਜੀ ਨਿਰੀਖਣ ਕਰ ਲਿਆ ਗਿਆ ਹੈ ਜਿਸਦਾ ਲੋੜੀਦਾ ਸਰਟੀਫਿਕੇਟ ਤਜਵੀਜ ਨਾਲ ਨੱਥੀ ਪੰਨਾ 25 ਤੇ ਹੈ।ਯੂਜਰ ਏਜੰਸੀ ਵੱਲੋ ਐਫ.ਸੀ.ਏ 1980 ਦੀ ਉਲੰਘਣਾ ਨਹੀ ਕੀਤੀ ਹੈ।

ਇਸ ਕੇਸ ਵਿੱਚ ਕੰਪਨਸੇਟਰੀ ਅਫਾਰਸਟੇਸ਼ਨ ਲਈ 0.100 ਹੈਕਟਰ ਰਕਬਾ ਘੁੰਮਣ ਡਿਸਟੀ ਆਰ.ਡੀ 0 ਤੋ 20 ਦ/ਪ ਮਾਨਸਾ ਵਣ ਰੇਜ਼ ਵਿਚ ਚੁਣਿਆ ਗਿਆ ਹੈ।ਸਬੰਧਤ ਯੂਜਰ ਏਜੰਸੀ ਵੱਲੋ ਕੰਪਨਸੇਟਰੀ ਅਫਾਰਸਟੇਸ਼ਨ ਦੀ ਬਣਦੀ ਰਕਮ 48698/- ਰੁਪਏ, ਅਤੇ ਡਾਇਵਰਟ ਹੋਣ ਵਾਲੇ ਰਕਬੇ ਦੀ ਨੈਟ ਪਰੈਂਜਟ ਵੈਲਿਊ ਦੀ ਬਣਦੀ ਰਕਮ 1956/- ਰੁਪਏ ਜਮ੍ਹਾਂ ਕਰਵਾਉਣ ਸਬੰਧੀ ਅੰਡਰਟੇਕਿੰਗ ਦਿੱਤੀ ਗਈ ਹੈ।ਯੂਜਰ ਏਜੰਸੀ ਵਲੋਂ ਗਰੀਨ ਮਿਸ਼ਨ ਤਹਿਤ ਬਣਦੀ ਰਕਮ 1968/-ਰੁਪਏ ਮਿਤੀ 05-02-2020 ਨੂੰ ਆਨਲਾਈਨ ਜਮਾਂ ਕਰਵਾ ਦਿਤੀ ਹੈ।ਯੂਜਰ ਏਜੰਸੀ ਵਲੋਂ ਐਪਲੀਕੇਸ਼ਨ ਪ੍ਰੋਸੈਸਿੰਗ ਫੀਸ 2000/- ਰੁਪਏ ਸਰਕਾਰੀ ਖਜ਼ਾਨੇ ਵਿੱਚ ਜਮਾਂ ਕਰਵਾ ਦਿੱਤੀ ਹੈ।

ਉਪਰੋਕਤ ਤਜਵੀਜ਼ ਨਾਲ ਪ੍ਰਾਪਤ ਹੋਏ ਦਸਤਾਵੇਜ ਘੋਖਣ ਉਪਰੰਤ ਠੀਕ ਪਾਏ ਗਏ ਹਨ।ਇਸ ਲਈ ਇਸ ਕੇਸ ਨੂੰ ਵਣ ਸੁਰੱਖਿਆ ਐਕਟ,1980 ਦੇ ਸੈਕਸ਼ਨ 2 ਤਹਿਤ ਇਹ ਤਜਵੀਜ਼ 1 ਪੜ੍ਹਤਾਂ ਵਿੱਚ ਨਾਲ ਨੱਥੀ ਕਰਕੇ ਪ੍ਰਵਾਨਗੀ ਲਈ ਭੇਜੀ ਜਾਂਦੀ ਹੈ।

ਨੱਥੀ: ਉਪਰੋਕਤ ਵਾਂਗ।

ਵਣ ਮੰਡਲ ਅਫਸਰ,
ਮਾਨਸਾ।

ਪਿੱਠ ਅੰਕਣ ਨੰਬਰ: 344 ਮਿਤੀ: 27/5/2020

ਕਾਪੀ ਵਣ ਪਾਲ ਸਾਊਥ ਸਰਕਲ,ਪੰਜਾਬ, ਪਟਿਆਲਾ ਜੀ ਨੂੰ ਸਮੇਤ ਪਰਪੋਜ਼ਲ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

ਨੱਥੀ: ਉਪਰੋਕਤ ਵਾਂਗ।

ਵਣ ਮੰਡਲ ਅਫਸਰ,
ਮਾਨਸਾ।